# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ

**ਮੀਮੋਨੰ:DySPD (PEDB)/2019/੩੧੫੨੬੭** **ਮਿਤੀ:** ੨੨/੧੧/੨੦੧੯

## ਜਨਤਕ ਸੂਚਨਾ

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/18-1ਸਿ6/1575695, ਮਿਤੀ 16.09.2019 ਰਾਹੀਂ ਪ੍ਰਾਇਮਰੀ ਸਕੂਲਾਂ ਲਈ ਰੈਸ਼ਨੇਲਾਈਜੇਸ਼ਨ ਪਾਲਿਸੀ 2019 ਜਾਰੀ ਕੀਤੀ ਗਈ ਹੈ ਅਤੇ ਇਸ ਦਫਤਰ ਵਲੋਂ ਜਨਤਕ ਸੂਚਨਾਂ ਜਾਰੀ ਕਰਕੇ ਸੂਚਿਤ ਕੀਤਾ ਗਿਆ ਸੀ ਕਿ ਰੈਸ਼ਨੇਲਾਈਜੇਸ਼ਨ ਪਾਲਿਸੀ ਅਨੁਸਾਰ ਮਿਤੀ 31.08.2019 ਨੂੰ ਪੰਜਾਬ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਨੂੰ ਆਧਾਰ ਮੰਨਦੇ ਹੋਏ ਆਧਿਆਪਕਾਂ/ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰਾਂ ਦੀ ਬਣਦੀ Entitlement, ਸਕੂਲ ਵਿੱਚ ਕੰਮ ਕਰ ਰਹੇ ਅਧਿਆਪਕਾਂ/ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰਾਂ ਦੀ ਗਿਣਤੀ ਅਤੇ ਸਰਪਲਸ ਅਧਿਆਪਕਾਂ ਦੀ ਸੂਚੀ ਤਿਆਰ ਕਰਕੇ epunjabschool Portal ਤੇ school login Id ਵਿੱਚ ਪਾਈ ਗਈ ਹੈ ਅਤੇ ਨਾਲ ਹੀ ਇਸ ਸਬੰਧੀ ਇਤਰਾਜ ਵੀ ਮਿਤੀ 07.11.2019 ਤੱਕ ਆਨ ਲਾਇਨ ਮੰਗੇ ਗਏ ਸਨ।

2.0 ਆਧਿਆਪਕਾਂ/ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰਾਂ ਤੋਂ ਪ੍ਰਾਪਤ ਇਤਰਾਜਾਂ ਨੂੰ ਇਸ ਦਫਤਰ ਵਿੱਚ ਘੋਖਿਆ ਗਿਆ ਜਿਸ ਨਾਲ ਸਕੂਲਾਂ ਵਿੱਚ ਬਣਦੀ Entitlement ਅਤੇ ਸਰਪਲਸ ਅਧਿਆਪਕਾਂ ਸਬੰਧੀ ਡਾਟਾ ਵਿੱਚ ਤਬਦੀਲੀ ਆਈ ਹੈ। ਨਾਲ ਹੀ ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿੱਖਿਆ-6 ਸ਼ਾਖਾ) ਵਲੋਂ ਸ਼ੋਧ ਪੱਤਰ 11/35/2018-1ਸਿੱ6/1611025/3-7 ਮਿਤੀ 14.11.2019 ਜਾਰੀ ਕੀਤਾ ਹੈ ਜਿਸ ਅਨੁਸਾਰ ਲਿਖਿਆ ਗਿਆ ਹੈ ਕਿ ਜੇਕਰ ਕੋਈ ਕਰਮਚਾਰੀ ਕੈਂਸਰ ਦੀ ਬਿਮਾਰੀ ਜਾਂ ਗੁਰਦਾ ਰੋਗ ਤੋਂ ਪੀੜਤ ਹੈ ਜਾਂ 60% ਅਤੇ 60% ਤੋਂ ਵੱਧ ਅੰਗਹੀਣ ਹੈ ਜਾਂ ਵਿਧਵਾ ਹੈ, ਤਾਂ ਉਸਨੂੰ ਸਿਫਟ ਨਾ ਕੀਤਾ ਜਾਵੇ ਅਤੇ ਇਹਨਾ ਅਧਿਆਪਕਾਂ ਦੀ ਥਾਂ ਤੇ ਅਗਲੀ ਲੰਬੀ ਠਹਿਰ ਵਾਲੇ ਅਧਿਆਪਕ ਨੂੰ ਸਿਫਟ ਕੀਤਾ ਜਾਵੇ।

3.0 ਵਿਭਾਗ ਵਲੋਂ ਮੁੜ epunjabschool Portal ਤੇ school login Id ਵਿੱਚ ਆਧਿਆਪਕਾਂ/ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰਾਂ ਦੀ ਬਣਦੀ Entitlement ਅਤੇ ਸਕੂਲ ਵਿੱਚ ਕੰਮ ਕਰ ਰਹੇ ਵਾਧੂ ਆਧਿਆਪਕਾਂ/ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰਾਂ ਦੇ ਨਾਂ ਦਰਸ਼ਾਏ ਗਏ ਹਨ।

4.0 ਜੇਕਰ ਕਿਸੇ ਅਧਿਆਪਕ/ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰ ਨੂੰ ਇਸ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਮਿਤੀ 22.11.2019 ਤੱਕ epunjabschoolportal ਤੇ ਆਪਣੇ employee login Id ਤੇ login ਕਰਕੇ ਆਪਣਾ ਇਤਰਾਜ ਦਰਜ ਕਰਵਾ ਸਕਦਾ ਹੈ। ਇਤਰਾਜ ਕੇਵਲ ਆਨ ਲਾਇਨ ਹੀ ਲਏ ਜਾਣਗੇ।

5.0 ਜੇਕਰ ਕਰਮਚਾਰੀ ਕੈਂਸਰ ਦੀ ਬਿਮਾਰੀ ਜਾਂ ਗੁਰਦਾ ਰੋਗ (ਜੋ ਕਿ ਲਗਾਤਾਰ ਡਾਇਲਸਿਸ 'ਤੇ ਹੋਵੇ) ਤੋਂ ਪੀੜਤ ਹੈ ਜਾਂ 60% ਅਤੇ 60% ਤੋਂ ਵੱਧ ਅੰਗਹੀਣ ਹੈ ਜਾਂ ਵਿਧਵਾ ਹੈ ਅਤੇ ਸਕੂਲ ਵਿੱਚ ਉਸ ਦੀ ਅਸਾਮੀ ਸਰਪਲਸ ਹੈ, ਤਾਂ ਅਜਿਹਾ ਕਰਮਚਾਰੀ ਆਨ ਲਾਇਨ **epunjabschoolportal** ਤੇ ਆਪਣੇ **employee login Id** ਤੇ **login** ਕਰਕੇ ਮਿਤੀ 22.11.2019 ਤੱਕ ਆਪਣੀ ਆਪਸ਼ਨ ਦੇਵੇਗਾ ਕਿ ਉਹ ਰੈਸ਼ਨੇਲਾਇਜੇਸ਼ਨ ਤਹਿਤ ਸ਼ਿਫਟ ਹੋਣਾ ਚਾਹੁੰਦਾ ਹੈ ਜਾਂ ਨਹੀਂ।

6.0 ਰੈਸ਼ਨੇਲਾਇਜੇਸ਼ਨ ਪਾਲਿਸੀ ਦੀ ਮੱਦ ਨੰ 4 ਅਨੁਸਾਰ ਜੇਕਰ ਸਕੂਲ ਵਿੱਚ ਅਧਿਆਪਕ ਦੀ ਅਸਾਮੀ ਸਰਪਲਸ ਹੈ ਅਤੇ ਕੋਈ ਕਰਮਚਾਰੀ ਆਪਣੀ ਮਰਜੀ/ ਸਹਿਮਤੀ ਨਾਲ ਸ਼ਿਫਟ ਹੋਣਾ ਚਾਹੁੰਦਾ ਹੈ ਤਾਂ ਉਹ ਆਪਣੇ **employee login Id** ਤੇ **login** ਕਰਕੇ ਮਿਤੀ 22.11.2019 ਤੱਕ ਆਪਣੀ ਆਪਸ਼ਨ ਦੇਵੇਗਾ।

7.0 ਜੇਕਰ ਕਿਸੇ ਅਧਿਆਪਕ ਨੂੰ ਆਨ ਲਾਈਨ ਇਤਰਾਜ ਦਰਜ ਕਰਵਾਉਣ ਵਿੱਚ ਦਿਕੱਤ ਪੇਸ਼ ਆਉਂਦੀ ਹੈ ਤਾਂ ਉਹ ਜਿਲਾ ਐਮ.ਆਈ.ਐਸ ਕੋਆਰਡੀਨੇਟਰ ਦੀ ਮਦਦ ਲੈ ਸਕਦਾ ਹੈ, ਜਿਨ੍ਹਾਂ ਦੀ ਫੋਨ ਨੰਬਰਾਂ ਦੀ ਸੂਚੀ **epunjabschool portal** ਤੇ ਉਪਲਬਧ ਹੈ।

**ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ।**